ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ-ਕਮ-ਚੇਅਰਮੈਨ, ਕਾਰਜਕਾਰੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 10-9-2010 ਨੂੰ ਸਵੇਰੇ 11-15 ਵਜੇ ਉਹਨਾਂ ਦੇ ਦਫਤਰੀ ਕਮੇਟੀ ਰੂਮ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਕੇ ਬੀ ਐਸ ਸਿੱਧੂ, ਆਈ ਏ ਐਸ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿਤ ਵਿਭਾਗ, ਚੰਡੀਗੜ੍ਹ ।

2) ਸ੍ਰੀ ਸੁਖਬੀਰ ਸਿੰਘ ਸੰਧੂ, ਆਈ ਏ ਐਸ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

3) ਸ੍ਰੀ ਐਸ ਕੇ ਸਰਮਾ, ਆਈ ਏ ਐਸ,
ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ,
ਚੰਡੀਗੜ੍ਹ ।
(ਨੁਮਾਇੰਦਾ ਸਕੱਤਰ, ਸਥਾਨਕ ਸਰਕਾਰ, ਪੰਜਾਬ)

4) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

5) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ,
ਮੋਹਾਲੀ ।

**ਵਿਸੇਸ ਤੋਰ ਤੇ ਸਾਮਿਲ ਅਧਿਕਾਰੀ**

1) ਸ੍ਰੀ ਬਲਵਿੰਦਰ ਸਿੰਘ ਮੁਲਤਾਨੀ, ਆਈ ਏ ਐਸ,
ਵਧੀਕ ਮੁੱਖ ਪ੍ਰਸਾਸਕ,
ਗਮਾਡਾ, ਮੋਹਾਲੀ

2) ਸ੍ਰੀ ਰਾਜੇਸ ਸੋਢੀ, ਆਈ ਆਰ ਐਸ,
ਵਧੀਕ ਮੁੱਖ ਪ੍ਰਸਾਸਕ (ਵਿੱਤ ਤੇ ਲੇਖਾ),
ਗਮਾਡਾ, ਮੋਹਾਲੀ ।

3) ਸ੍ਰੀ ਜਤਿੰਦਰ ਮੋਹਨ,
ਨਿਗਰਾਨ ਇੰਜੀਨੀਅਰ (ਸੀ-1),
ਗਮਾਡਾ, ਮੋਹਾਲੀ ।

Scanned by CamScanner

ਆਈ ਐਲ ਐਂਡ ਐਫ ਐਸ ਵੱਲੋ

1) ਸ੍ਰੀ ਨਵਿੰਦੂ ਕਰਨ,

2) ਸ੍ਰੀ ਅੰਕੁਰ ਮਿਸਰਾ,

3) ਸ੍ਰੀ ਗੋਰਵ ਸਰਮਾ,

ਅਜੰਡੇ ਦੀਆਂ ਮੱਦਾ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ।

**ਅਜੰਡਾ ਆਈਟਮ ਨੰਬਰ 11.01**

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ(ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਾਰਜਕਾਰੀ ਕਮੇਟੀ ਵੱਲੋ ਕਾਰਵਾਈ ਦੀ ਪੁਸਟੀ ਕੀਤੀ ਗਈ ।

**ਅਜੰਡਾ ਆਈਟਮ ਨੰਬਰ 11.02**

**ਮਿਤੀ 17-06-2010 ਨੂੰ ਹੋਈ ਕਾਰਜਕਾਰੀ ਕਮੇਟੀ ਦੀ ਗਿਆਰਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਸਬੰਧੀ।**

ਕਾਰਜਕਾਰੀ ਕਮੇਟੀ ਵੱਲੋ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

**ਅਜੰਡਾ ਆਈਟਮ ਨੰਬਰ 11.03**

**ਕਲਚਰਲ ਅਤੇ ਲਿਟਰੇਰੀ ਐਕਟੀਵਿਟੀ ਲਈ ਸਾਈਟਾਂ ਅਲਾਟ ਕਰਨ ਲਈ ਸਕੀਮ ਦੀ ਪ੍ਰਵਾਨਗੀ ਬਾਰੇ।**

ਪ੍ਰਵਾਨ ਹੈ । ਅਲਾਟਮੈਂਟ ਦੀ ਪ੍ਰਕਿਰਿਆ ਪੂਰਾ ਹੋਣ ਤੋ 6 ਮਹੀਨੇ ਦੇ
ਕਮੇਟੀ ਨੇ ਮਹਿਸੂਸ ਕੀਤਾ ਕਿ ਅਲਾਟਮੈਂਟ ਦੀ ਪ੍ਰਕਿਰਿਆ ਪੂਰਾ ਹੋਣ ਤੋ 6 ਮਹੀਨੇ ਦੇ ਉਪਬੰਧ ਹੈ ਜੋ ਉਚਿਤ ਨਹੀ ਹੈ ਕਿਉਂਕਿ ਅਲਾਟਮੈਂਟ
ਅੰਦਰ ਜਮਾਨਤੀ ਰਕਮ ਵਾਪਿਸ ਕਰਨ ਦਾ ਉਪਬੰਧ ਹੈ ਜੋ ਉਚਿਤ ਨਹੀ ਹੈ ਕਿਉਂਕਿ ਅਲਾਟਮੈਂਟ
ਦੀ ਪ੍ਰਕਿਰਿਆ ਪੂਰਾ ਕਰਨ ਲਈ ਕੋਈ ਸਮੇਂ ਦੀ ਸੀਮਾ ਨਿਰਧਾਰਿਤ ਨਹੀ ਕੀਤੀ ਗਈ ।
ਵਿਚਾਰ-ਵਟਾਂਦਰੇਂ ਉਪਰੰਤ ਫੈਸਲਾ ਕੀਤਾ ਗਿਆ ਕਿ ਸਾਈਟਾਂ ਦੀ ਅਲਾਟਮੈਂਟ 6 ਮਹੀਨੇ ਦੇ
ਅੰਦਰ ਕਰਨ ਉਪਰੰਤ ਬਿਨੈਕਾਰਾਂ ਨੂੰ ਰਿਫੰਡ ਦੇ ਦਿੱਤਾ ਜਾਵੇ । ਜੇਕਰ 6 ਮਹੀਨੇ ਦੇ ਅੰਦਰ ਰਿਫੰਡ
ਨਹੀ ਦਿੱਤਾ ਜਾਂਦਾ ਤਾਂ ਬਿਨੈਕਾਰਾਂ ਨੂੰ 6 ਮਹੀਨੇ ਤੋ ਵੱਧ ਦੇ ਸਮੇਂ ਦਾ ਵਿਆਜ ਸਟੇਟ ਬੈਂਕ ਆਫ
ਇੰਡੀਆਂ ਦੇ ਟਰਮ ਡਿਪਾਜਿਟ ਰੇਟ (ਕਾਰਡ ਰੇਟ) ਤੇ ਅਧਾਰਤ ਰੇਟਾਂ ਦੇ ਬਰਾਬਰ ਦਿੱਤਾ ਜਾਵੇ ।
ਇਹ ਵੀ ਫੈਸਲਾ ਕੀਤਾ ਗਿਆ ਕਿ 5000/- ਰੁਪਏ ਪ੍ਰਸੈਸਿੰਗ ਫੀਸ ਵੀ ਨਾ ਕੱਟੀ ਜਾਵੇ ਕਿਓਕਿ
ਬਿਨੈਕਾਰ ਵੱਲੋ ਐਪਲੀਕੇਸਨ ਮਨੀ ਵੱਜੋ ਵੱਡੀ ਰਕਮ ਜਮ੍ਹਾ ਕਰਵਾਈ ਜਾ ਰਹੀ ਹੈ ।
ਕਮੇਟੀ ਨੇ ਇਹ ਵੀ ਇੱਛਾ ਪ੍ਰਗਟ ਕੀਤੀ ਕਿ ਮੋਹਾਲੀ ਵਿਖੇ ਟੈਗੋਰ ਥਿਏਟਰ ਚੰਡੀਗੜ੍ਹ
ਵਾਂਗ ਕਲਚਰ ਅਤੇ ਲਿਟਰੇਰੀ ਐਕਟੀਵਿਟੀ ਲਈ ਕੋਈ ਵੱਡੀ ਸਾਈਟ ਈਅਰ-ਮਾਰਕ ਕਰਨ
ਉਪਰੰਤ ਉਸਤੇ ਗਮਾਡਾ ਵੱਲੋ ਉਸਾਰੀ ਕਰਨ ਲਈ ਵਿਚਾਰ ਲਿਆ ਜਾਵੇ ਤਾਂ ਜੋ ਲੋਕਾਂ ਨੂੰ ਵੱਡੇ
ਕਲਚਰਲ ਪ੍ਰੋਗ੍ਰਾਮਾਂ ਲਈ ਜਗ੍ਹਾ ਉਪਲਭੱਦ ਹੋ ਸਕੇ ।

Scanned by CamScanner

**ਅਜੰਡਾ ਆਈਟਮ ਨੰਬਰ 11.04**
ਗਮਾਡਾ ਵਲੋਂ ਐਰੋ ਸਿਟੀ ਵਿਖੇ ਰਿਹਾਇਸ਼ੀ ਪਲਾਟਾਂ ਦੀ ਉਲੀਕੀ ਗਈ ਸਕੀਮ ਵਿੱਚ ਸਿੱਖ ਦੰਗਾ ਪੀੜਤਾਂ ਅਤੇ ਅੱਤਵਾਦ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ 5% ਰਿਜਰਵੇਸ਼ਨ ਦੇਣ ਸਬੰਧੀ।

ਪ੍ਰਵਾਨ ਹੈ ।

**ਅਜੰਡਾ ਆਈਟਮ ਨੰਬਰ 11.05**
ਸੈਕਟਰ-62 ਮੋਹਾਲੀ ਵਿਖੇ ਅੰਤਰਰਾਸ਼ਟਰੀ ਕੰਨਵੈਨਸਨ ਸੈਂਟਰ ਅਤੇ ਐਗਜੀਵੀਸਨ ਸੈਂਟਰ ਕੰਮ ਪੰਜ ਸਿਤਾਰਾ ਹੋਟਲ ਦੀ ਉਸਾਰੀ ਬਾਰੇ।

ਇਸ ਮੱਦ ਤੇ ਵਿਚਾਰ-ਵਟਾਂਦਰੇ ਦੋਰਾਨ ਇਸ ਪ੍ਰੋਜੈਕਟ ਦੇ ਪ੍ਰੋਜੈਕਟ ਡਿਵੈਲਪਰ ਮੈਂਸਰਜ ਆਈ ਐਲ ਐਂਡ ਐਫ ਐਸ ਦੁਆਰਾ ਵਿਸਥਾਰ ਪੂਰਵਕ ਪ੍ਰੈਜੈਂਟੇਸ਼ਨ ਦਿੱਤੀ ਗਈ । ਮੱਦ ਵਿਚ ਦਰਸਾਈ ਗਈਂ ਆਪਸਨਾਂ ਤੇ ਗੌਰ ਕਰਨ ਉਪਰੰਤ ਕਾਰਜਕਾਰੀ ਕਮੇਟੀ ਨੇ ਆਪਸਨ ਨੰਬਰ 3 ( International Convention and Exhibition Centre cum Five Star Hotel as a combined project) ਸਭ ਤੋ ਬੇਹਤਰ ਪਾਇਆ ਅਤੇ ਇਸੇ ਅਨੁਸਾਰ ਅਗਲੇਰੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ ।

ਵਿਚਾਰ-ਵਟਾਂਦਰੇ ਦੋਰਾਨ ਕਾਰਜਕਾਰੀ ਕਮੇਟੀ ਨੇ ਇਸ ਪ੍ਰੋਜੈਕਟ ਸਬੰਧੀ ਹੇਠ ਲਿਖੀਆਂ ਸੋਧਾ ਵੀ ਸੁਝਾਈਆਂ:-

1) ਹੋਟਲ ਅਤੇ ਕਨਵੈਨਸ਼ਨ ਸੈਂਟਰ ਵਿਚ mandatory components ਅਤੇ other permissible optional components ਸਪਸ਼ਟ ਤਰੀਕੇ ਨਾਲ ਆਰ ਐਫ ਪੀ ਡਾਕੂਮੈਂਟ ਵਿੱਚ ਦੱਸੇ ਜਾਣ ਤਾਂ ਜੋ ਬਾਅਦ ਵਿਚ ਕੋਈ ਗਲਤ ਫਹਿਮੀ ਨਾ ਹੋਵੇ ।
2) ਪ੍ਰੋਜੈਕਟ ਦੀ viability ਨੂੰ ਹੋਰ ਵਧਾਉਣ ਲਈ ਪ੍ਰੋਜੈਕਟ ਨੂੰ ਐਂਟਰੀ ਅਤੇ ਐਗਜਿੱਟ ਸੈਕਟਰ ਡਿਵਾਈਡਿੰਗ ਰੋਡ ਤੋ ਸਲਿੱਪ ਰੋਡ ਰਾਂਹੀਂ ਦਿੱਤੀ ਜਾਵੇ । ਉਪਰੋਕਤ ਅਨੁਸਾਰ ਸਾਈਟ ਦਾ ਜੋਨਿੰਗ ਪਲਾਨ ਰਿਵਾਈਜ ਕਰਵਾ ਲਿਆ ਜਾਵੇ
3) ਕਾਰਜਕਾਰੀ ਕਮੇਟੀ ਨੇ ਚਾਹਿਆ ਕਿ ਪ੍ਰੋਜੈਕਟ ਵਿਚ ਪਾਰਕਿੰਗ ਦੀ ਲੋੜ ਨੂੰ ਪ੍ਰੋਜੈਕਟ ਡਿਵੈਲਪਰਜ ਵੱਲੋ ਹੋਰ ਵਿਸਥਾਰ ਨਾਲ analyse ਕਰ ਲਿਆ ਜਾਵੇ ਅਤੇ ਇਸ ਤਰ੍ਹਾਂ ਦੇ ਹੋਰ ਪ੍ਰੋਜੈਕਟਾਂ ਨਾਲ ਬੈਂਚ ਮਾਰਕਿੰਗ ਵੀ ਕੀਤੀ ਜਾਵੇ ।
4) ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਪ੍ਰੋਜੈਕਟ ਦੇ ਸੁਚੱਜੇ ਢੰਗ ਨਾਲ ਮੈਨੇਜਮੈਂਟ ਲਈ ਬੇਹਤਰ ਹੋਵੇਗਾ ਕਿ ਹੋਟਲ ਕਨੈਵੇਂਸਲ ਸੈਂਟਰ ਅਤੇ ਹੋਟਲ ਦੇ ਅੰਦਰ ਸਾਪਿੰਗ (10% ਆਫ ਦਾ ਹੋਟਲ ਏਰੀਆ) ਦਾ ਪ੍ਰਬੰਧਨ ਹੋਟਲ ਓਪਰੇਟਰ (ਇੰਟਰਨੈਸਨਲ ਹੋਟਲ ਚੇਨ) ਦੁਆਰਾ ਹੀ ਕੀਤਾ ਜਾਵੇ ।

ਇਸ ਉਪਰੰਤ ਪ੍ਰੋਜੈਕਟ ਤੇ ਅਗਲੀ ਸਾਰੀ ਕਾਰਵਾਈ ਪੀ.ਆਈ.ਡੀ.ਬੀ ਵੱਲੋ ਕੀਤੀ ਜਾਵੇਗੀ ਅਤੇ ਇਸ ਸਬੰਧੀ ਸਾਰੇ ਫੈਸਲੇ ਪੀ.ਆਈ.ਡੀ.ਬੀ. ਦੀ ਕਾਰਜਕਾਰੀ ਕਮੇਟੀ ਵੱਲੋ ਕੀਤੇ ਜਾਣਗੇ ।

**ਅਜੰਡਾ ਆਈਟਮ ਨੰਬਰ 11.06**
ਮੋਹਾਲੀ ਵਿਖੇ ਬਸ ਟਰਮਿਨਲ ਕਮ ਕਮਰਸੀਅਲ ਕੰਪਲੈਕਸ ਡੀ.ਬੀ.ਓ.ਟੀ.ਬੇਸਿਸ(ਉਸਾਰੀ ਅਧੀਨ) ਤੇ ਇੰਡੀਪੈਂਡੈਂਟ ਇੰਜੀਨੀਅਰ ਨਿਯੁਕਤ ਬਾਰੇ।

ਮੀਟਿੰਗ ਦੋਰਾਨ ਵਿਸੇਸ ਤੋਰ ਤੇ ਸੱਦੇ ਨਿਗਰਾਨ ਇੰਜੀਨੀਅਰ (ਸੀ-1), ਸ੍ਰੀ ਜਤਿੰਦਰ ਮੋਹਨ ਨੇ

Scanned by CamScanner

ਕਮੇਟੀ ਨੂੰ ਸੂਚਿਤ ਕੀਤਾ ਕਿ ਵਿਸੇ ਅਧੀਨ ਕੰਮ ਲਈ concessionaire ਦੇ ਨਾਲ ਹੋਏ ਐਗਰੀਮੈਂਟ ਅਨੁਸਾਰ ਇੰਡੀਪੈਂਡੈਂਟ ਇੰਜੀਨੀਅਰ ਦੀ ਨਿਯੁਕਤੀ ਕੀਤੀ ਜਾਣੀ ਹੈ । ਇਸ ਅਨੁਸਾਰ ਇਡੀਪੈਂਡੈਂਟ ਇੰਜੀਨੀਅਰ ਪੰਜਾਬ ਸਰਕਾਰ ਵੱਲੋਂ ਪ੍ਰਵਾਨਤ ਪੈਨਲ ਆਫ ਇੰਜੀਨੀਅਰਜ ਜਾਂ ਇਸ ਕੰਮ ਵਿਚ ਮਾਹਿਰ ਕੋਈ ਰਿਪਯੂਟਿਡ ਇੰਜਨਿਰਿੰਗ ਫਰਮ ਹੋ ਸਕਦੀ ਹੈ । ਇਸ ਸਬੰਧੀ ਦੋ ਵਾਰ ਬਿਡਜ ਮੰਗੀਆਂ ਜਾ ਚੁੱਕੀਆਂ ਹਨ । ਪਹਿਲੀ ਵਾਰ 7 ਫਰਮਾਂ ਵੱਲੋ ਹਿੱਸਾ ਤਾ ਲਿਆ ਗਿਆ ਪਰ ਤਕਨੀਕੀ ਯੋਗਤਾ ਕਿਸੇ ਵੱਲੋ ਵੀ ਕੁਆਲੀਫਾਈ ਨਾ ਕਰਨ ਕਾਰਨ ਬਿੱਡਜ ਰੱਦ ਕਰ ਦਿੱਤੀਆਂ ਗਈਆ ਸਨ। ਦੂਜੀ ਵਾਰ ਤਕਨੀਕੀ ਯੋਗਤਾਵਾਂ ਰਿਲੈਕਸ ਕਰਕੇ ਬਿੱਡ ਮੰਗਣ ਤੇ ਵੀ ਕੇਵਲ 2 ਫਰਮਾਂ ਤਕਨੀਕੀ ਯੋਗਤਾ ਦੇ ਅਧਾਰ ਤੇ ਯੋਗ ਪਾਈਆਂ ਗਈਆਂ । ਇਹਨਾ ਦੋਵਾਂ ਬਿੱਡਜ ਵਿੱਚੋ ਸਭ ਤੋ ਘੱਟ ਬਿੱਡ 3.33 ਕਰੋੜ ਰੁਪਏ ਦੀ ਹੈ । ਨਿਗਰਾਨ ਇੰਜੀਨੀਅਰ (ਸੀ-1) ਨੇ ਇਹ ਵੀ ਸੂਚਿਤ ਕੀਤਾ ਕਿ ਹੁਣ ਤੱਕ ਲਗਭਗ 8 ਮਹੀਨੇ ਤੋ ਪੁੱਡਾ ਅਤੇ ਗਮਾਡਾ ਦੇ ਇੰਜੀਨੀਅਰਜ ਦੀ ਟੀਮ ਬਤੋਰ ਇੰਡੀਪੈਂਡਟ ਇੰਜੀਨੀਅਰ ਵੱਜੋ ਕੰਮ ਕਰ ਰਹੀ ਹੈ ਅਤੇ ਇਸ ਵਿਵਸਥਾ ਨਾਲ ਕੰਮ ਠੀਕ ਚੱਲ ਰਿਹਾ ਹੈ ।

ਉਪਰੋਕਤ ਤੱਥਾਂ ਦੇ ਮੱਦੇ ਨਜਰ ਕਮੇਟੀ ਵੱਲੋ ਨੋਟ ਕੀਤਾ ਗਿਆ ਕਿ ਲਗਭੱਗ 8 ਮਹੀਨੇ ਤੋ ਮੌਕੇ ਤੇ ਕੰਮ ਚੱਲ ਰਿਹਾ ਹੈ, ਅਜਿਹੇ ਪ੍ਰੋਜੈਕਟ (ਬਸ ਸਟੈਂਡ+ਕਮਰਸੀਅਲ ਕੰਪਲੈਕਸ) ਦੇ ਕੰਮ ਵਿੱਚ ਇੰਡੀਪੈਂਡਿੰਟ ਇੰਜੀਨੀਅਰ ਲਗਾਉਣ ਲਈ ਰੇਟ ਦਾ ਕੋਈ ਪੁਰਾਣਾ ਪ੍ਰੈਸੀਡੈਂਟ ਨਹੀ ਹੈ ਅਤੇ ਕੋਈ ਸਪੈਸੀਫਿਕ ਬੈਂਚ ਮਾਰਕ ਵੀ ਉਪਲੱਭਦ ਨਹੀ ਹੈ । ਇਸ ਲਈ ਵਿਚਾਰ-ਵਟਾਂਦਰੇ ਉਪਰੰਤ ਕਾਰਜਕਾਰੀ ਕਮੇਟੀ ਵੱਲੋ ਇੰਡੀਪੈਂਡੈਂਟ ਇੰਜੀਨੀਅਰ ਵਜੋ ਪੰਜਾਬ ਸਰਕਾਰ ਵੱਲੋ ਪ੍ਰਵਾਨਤ ਪੈਨਲ ਆਫ ਇੰਜੀਨੀਅਰਜ ਨੂੰ ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਨਾਲ ਗਮਾਡਾ ਦੀ 3.33 ਕਰੋੜ ਦੀ ਬਚਤ ਵੀ ਹੋਵੇਗੀ ।

ਕਾਰਜਕਾਰੀ ਕਮੇਟੀ ਵੱਲੋ ਇਹ ਵੀ ਮਹਿਸੂਸ ਕੀਤਾ ਗਿਆ ਕਿ ਇੰਡੀਪੈਂਡੈਂਟ ਇੰਜੀਨੀਅਰ ਦੀ ਇੰਡੀਪੈਂਡੈਂਸ ਨੂੰ ਬਰਕਾਰ ਰੱਖਣ ਲਈ ਪੈਨਲ ਆਫ ਇੰਜੀਨੀਅਰਜ ਗਮਾਡਾ ਤੋ ਬਾਹਰ ਦੇ ਇੰਜੀਨੀਅਰਜ ਦਾ ਹੋਣਾ ਚਾਹੀਦਾ ਹੈ । ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਹਾਲ ਦੀ ਘੜੀ ਮੌਜੂਦਾ ਵਿਵਸਥਾ ਲਾਗੂ ਰਹੇਗੀ ਪਰ ਇਸਦੇ ਨਾਲ ਹੀ ਪੈਨਲ ਆਫ ਇੰਜੀਨੀਅਰਜ ਪੰਜਾਬ ਸਰਕਾਰ ਤੋ ਨਾਮਜਦ ਕਰਵਾ ਲਿਆ ਜਾਵੇ ।

**ਅਜੰਡਾ ਆਈਟਮ ਨੰਬਰ 11.07**

**ਅਰਬਨ ਅਸਟੇਟ, ਮੁਹਾਲੀ ਵਿਖੇ ਮਹੱਤਵਪੂਰਨ ਪ੍ਰੋਜੈਕਟਾਂ ਦੀ ਐਕਿਊਜੀਸਨ ਅਤੇ ਕਾਨੂੰਨੀ ਸਥਿਤੀ ਬਾਰੇ।**

ਮੱਦ ਵਿਚ ਕੋਰਟ ਕੇਸ ਬਾਰੇ ਦਰਸਾਈ ਗਈ ਸਥਿਤੀ ਨੂੰ ਕਾਰਜਕਾਰੀ ਕਮੇਟੀ ਵੱਲੋ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਮੁੱਖ ਸਕੱਤਰ, ਪੰਜਾਬ

Scanned by CamScanner